BRITISH COLUMBIA | HealthLinkBC

Punjabi - Number 55a
October 2024

# ਕ੍ਰੋਇਟਜ਼ਫੈਲਟ-ਯਾਕੋਬ ਡਿਜ਼ੀਜ਼ (CJD)

# Creutzfeldt-Jakob disease (CJD)

## ਕ੍ਰੋਇਟਜ਼ਫੈਲਟ-ਯਾਕੋਬ ਡਿਜ਼ੀਜ਼ (CJD) ਕੀ ਹੈ?

ਕ੍ਰੋਇਟਜ਼ਫੈਲਟ-ਯਾਕੋਬ ਡਿਜ਼ੀਜ਼ (CJD) ਦਿਮਾਗ ਦੀ ਇੱਕ ਦੁਰਲੱਭ, ਡੀਜਨਰੇਟਿਵ, ਘਾਤਕ ਬਿਮਾਰੀ ਹੈ।

ਸ਼ੁਰੂਆਤੀ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਉਲਝਣ
- ਡਿਪਰੈਸ਼ਨ
- ਭੁੱਲਕੜਪਨ
- ਸੌਣ ਵਿੱਚ ਮੁਸ਼ਕਲ
- ਵਿਵਹਾਰ ਵਿੱਚ ਤਬਦੀਲੀਆਂ
- ਵਿਗੜੀ ਹੋਈ ਨਜ਼ਰ
- ਅਸਧਾਰਨ ਸਰੀਰਕ ਸੰਵੇਦਨਾਵਾਂ
- ਸਵੈ-ਇੱਛਤ ਤਾਲਮੇਲ ਵਿੱਚ ਮੁਸ਼ਕਲ

ਕਿਸੇ ਵਿਅਕਤੀ ਦੇ CJD ਦੇ ਚਿੰਨ੍ਹ ਜਾਂ ਲੱਛਣ ਦਿਖਾਉਣਾ ਸ਼ੁਰੂ ਕਰਨ ਤੋਂ ਬਾਅਦ, ਬਿਮਾਰੀ 2 ਤੋਂ 12 ਮਹੀਨਿਆਂ ਵਿੱਚ ਤੇਜ਼ੀ ਨਾਲ ਅੱਗੇ ਵਧਦੀ ਹੈ।

ਵਧੇਰੇ ਉੱਨਤ ਲੱਛਣਾਂ ਵਿੱਚ ਸ਼ਾਮਲ ਹਨ:

- ਸੰਤੁਲਨ ਸੰਬੰਧੀ ਸਮੱਸਿਆਵਾਂ
- ਬੋਲੀ ਅਤੇ ਹਿਲਣ ਜੁਲਣ ਵਿੱਚ ਮੁਸ਼ਕਲ
- ਨਮੂਨੀਆ ਦਾ ਵਧਿਆ ਹੋਇਆ ਜੋਖਮ
- ਡਿਮੇਨਸ਼ੀਆ
- ਕੋਮਾ ਅਤੇ ਅੰਤ ਵਿੱਚ ਮੌਤ

CJD ਬਹੁਤ ਦੁਰਲੱਭ ਹੈ, ਪਰ ਕੈਨੇਡਾ ਵਿੱਚ ਰਹਿਣ ਵਾਲੇ ਲਗਭਗ 40 ਤੋਂ 90 ਲੋਕਾਂ ਦੀ ਹਰ ਸਾਲ ਇਸ ਕਰਕੇ ਮੌਤ ਹੋ ਜਾਂਦੀ ਹੈ। CJD ਦੁਨੀਆ ਭਰ ਦੇ ਹਰ ਦੇਸ਼ ਵਿੱਚ ਪਾਈ ਜਾ ਸਕਦੀ ਹੈ।

## CJD ਦਾ ਕੀ ਕਾਰਨ ਹੈ?

CJD ਇੱਕ ਅਸਧਾਰਨ ਪ੍ਰੀਓਨ (prion) - ਸੈੱਲਾਂ ਦੀ ਸਤਹ 'ਤੇ ਪਾਏ ਜਾਣ ਵਾਲੇ ਇੱਕ ਪ੍ਰੋਟੀਨ - ਕਰਕੇ ਹੁੰਦੀ ਹੈ। ਅਸਧਾਰਨ ਪ੍ਰੀਓਨ ਦਿਮਾਗ ਦੇ ਦੂਜੇ ਸੈੱਲ ਪ੍ਰੋਟੀਨਾਂ ਨਾਲ ਜੁੜ ਜਾਂਦਾ ਹੈ ਅਤੇ ਉਹਨਾਂ ਦੇ ਆਕਾਰ ਨੂੰ ਵਿਗਾੜ ਦਿੰਦਾ ਹੈ। ਉਹ ਦਿਮਾਗ 'ਤੇ ਹਮਲਾ ਕਰਦੇ ਹਨ, ਸੈੱਲਾਂ ਨੂੰ ਮਾਰਦੇ ਹੋਏ ਅਤੇ ਟਿਸ਼ੂਆਂ ਵਿੱਚ ਫਾਸਲੇ ਜਾਂ ਸਪੰਜ ਵਰਗੇ ਪੈਚ ਉਤਪੰਨ ਕਰਦੇ ਹੋਏ। ਕਿਸੇ ਵਿਅਕਤੀ ਵਿੱਚ ਇੰਨ੍ਹਾਂ ਅਸਧਾਰਨ CJD ਪ੍ਰੀਓਨਾਂ ਦੇ ਦਿਖਾਈ ਦੇਣ ਤੋਂ ਬਾਅਦ, ਲੱਛਣ ਸ਼ੁਰੂ ਹੋਣ ਤੋਂ ਪਹਿਲਾਂ 30 ਸਾਲ ਤੱਕ ਲੱਗ ਸਕਦੇ ਹਨ।

## ਕਿਸੇ ਵਿਅਕਤੀ ਨੂੰ CJD ਕਿਵੇਂ ਹੁੰਦੀ ਹੈ?

CJD ਦੇ ਜ਼ਿਆਦਾਤਰ ਕੇਸ, ਲਗਭਗ 93 ਪ੍ਰਤੀਸ਼ਤ, ਬਿਨਾਂ ਕਿਸੇ ਗਿਆਤ ਕਾਰਨ ਦੇ ਵਾਪਰਦੇ ਹਨ। 6 ਪ੍ਰਤੀਸ਼ਤ ਕੇਸ ਪਰਿਵਾਰਾਂ ਵਿੱਚ ਚੱਲਦੇ ਹਨ। ਸਮੇਂ ਦੇ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਵਿੱਚ, CJD ਅੱਖਾਂ, ਦਿਮਾਗ ਜਾਂ ਰੀੜ੍ਹ ਦੀ ਹੱਡੀ ਦੀ ਸਰਜਰੀ ਵਿੱਚ ਵਰਤੇ ਜਾਣ ਵਾਲੇ ਯੰਤਰਾਂ ਜਾਂ ਟ੍ਰਾਂਸਪਲਾਂਟ ਕੀਤੇ ਟਿਸ਼ੂ ਰਾਹੀਂ ਵਿਅਕਤੀ ਨੂੰ ਪਾਸ ਕੀਤੀ ਜਾਂਦੀ ਹੈ। CJD ਛੂਤਕਾਰੀ ਨਹੀਂ ਹੈ।

## CJD ਦਾ ਨਿਦਾਨ ਕਿਵੇਂ ਕੀਤਾ ਜਾਂਦਾ ਹੈ?

CJD ਦਾ ਅਸਥਾਈ ਨਿਦਾਨ ਇੰਨ੍ਹਾਂ ਦੇ ਅਧਾਰ ਤੇ ਕੀਤਾ ਜਾਂਦਾ ਹੈ:

- ਲੱਛਣ
- ਰੀੜ੍ਹ ਦੀ ਹੱਡੀ ਦੇ ਆਲੇ ਦੁਆਲੇ ਦੇ ਤਰਲ 'ਤੇ ਟੈਸਟ
- MRI ਸਕੈਨਾਂ ਦੀ ਵਰਤੋਂ ਕਰਦੇ ਹੋਏ ਦਿਮਾਗ ਦੀਆਂ ਤਸਵੀਰਾਂ
- EEG ਦੀ ਵਰਤੋਂ ਕਰਦੇ ਹੋਏ ਦਿਮਾਗ ਦੀ ਬਿਜਲਈ ਗਤੀਵਿਧੀ ਦੀਆਂ ਰਿਕਾਰਡਿੰਗਾਂ

ਨਿਦਾਨ ਦੀ ਪੁਸ਼ਟੀ ਸਿਰਫ ਪੋਸਟਮਾਰਟਮ ਦੁਆਰਾ ਕੀਤੀ ਜਾ ਸਕਦੀ ਹੈ।

## ਤੁਸੀਂ CJD ਦਾ ਇਲਾਜ ਕਿਵੇਂ ਕਰਦੇ ਹੋ?

ਵਰਤਮਾਨ ਸਮੇਂ 'ਤੇ CJD ਦਾ ਕੋਈ ਇਲਾਜ ਨਹੀਂ ਹੈ। ਇਲਾਜ ਵਿੱਚ ਸਰੀਰਕ ਅਤੇ ਕਿੱਤਾਮੁਖੀ ਇਲਾਜ ਸ਼ਾਮਲ ਹੁੰਦੇ ਹਨ। CJD ਵਾਲਾ ਵਿਅਕਤੀ ਅੰਤ ਵਿੱਚ ਬਿਸਤਰੇ ਤੱਕ ਸੀਮਤ ਹੋ ਜਾਂਦਾ ਹੈ ਅਤੇ ਉਸਨੂੰ ਇੱਕ ਟਿਊਬ ਦੁਆਰਾ ਖੁਆਇਆ ਜਾਣਾ ਜ਼ਰੂਰੀ ਹੁੰਦਾ ਹੈ।

## ਕੀ CJD ਵੇਰੀਐਂਟ CJD (vCJD) ਨਾਲ ਸੰਬੰਧਿਤ ਹੈ?

CJD ਅਤੇ vCJD ਇੱਕੋ ਬਿਮਾਰੀ ਨਹੀਂ ਹਨ। ਉਹ ਅਸਧਾਰਨ ਪ੍ਰੀਓਨਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਸਮੂਹ ਦਾ ਹਿੱਸਾ ਹਨ। ਲੱਛਣ ਮਿਲਦੇ ਜੁਲਦੇ ਹੁੰਦੇ ਹਨ, ਹਾਲਾਂਕਿ vCJD ਆਮ ਤੌਰ 'ਤੇ 30 ਸਾਲ ਦੀ ਉਮਰ ਤੋਂ ਪਹਿਲਾਂ ਵਾਪਰਦੀ ਹੈ। vCJD ਨੂੰ ਕਈ ਵਾਰ ਹਿਊਮਨ ਮੈਡ ਕਾਓ ਡਿਜ਼ੀਜ਼, ਜਾਂ ਹਿਊਮਨ ਬੋਵਾਈਨ ਸਪੌਂਜੀਫੌਰਮ ਐਨਸੇਫੈਲੋਪੈਥੀ (BSE) ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ BSE ਪ੍ਰੀਓਨਾਂ ਨਾਲ ਸੰਕਰਮਿਤ ਗਾਂ ਦੇ ਅੰਗਾਂ ਨੂੰ ਖਾਣ ਨਾਲ ਮਨੁੱਖਾਂ ਤੱਕ ਪਾਸ ਹੁੰਦੀ ਹੈ।

## ਹੋਰ ਜਾਣਕਾਰੀ ਲਈ

vCJD ਬਾਰੇ ਹੋਰ ਜਾਣਕਾਰੀ ਲਈ, HealthLinkBC File #55b ਵੇਰੀਐਂਟ ਕ੍ਰੇਉਟਜ਼ਫੈਲਟ-ਯਾਕੋਬ ਡਿਜ਼ੀਜ਼ (vCJD) 'ਤੇ ਜਾਓ।

CJD ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ https://alzheimer.ca/en/about-dementia/other-types-dementia/rare-types-dementia/creutzfeldt-jakob-disease 'ਤੇ ਕ੍ਰੇਉਟਜ਼ਫੈਲਟ-ਯਾਕੋਬ ਡਿਜ਼ੀਜ਼ ਬਾਰੇ ਕਨੇਡੀਅਨ ਅਲਜ਼ਾਈਮਰ ਸੋਸਾਇਟੀ ਦੇ ਵੈੱਬ ਪੇਜ 'ਤੇ ਜਾਓ।

BC Centre for Disease Control
Provincial Health Services Authority